**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ ਨਗਰ।**
**(ਕੋਆਰਡੀਨੇਸ਼ਨ ਸੈਲ)**

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ: 15/7-2016 ਕੋ ਸੈਲ (1)/246 ਮਿਤੀ: 03-05-2017

ਵਿਸ਼ਾ: **ਸਿੱਖਿਆ ਵਿਭਾਗ ਦੇ (ਗਰੁੱਪ-ਏ, ਬੀ, ਸੀ ਅਤੇ ਡੀ) ਅਧਿਕਾਰੀਆਂ/ ਕਰਮਚਾਰੀਆਂ ਦੀ ਰਿਟਾਇਰਮੈਂਟਾਂ ਸਬੰਧੀ ਕੇਸਾਂ ਦੇ ਨਿਪਟਾਰੇ ਲਈ ਮਿਤੀ 06 ਮਈ, 2017 ਅਤੇ 20 ਮਈ, 2017 ਨੂੰ ਆਪਣੇ ਆਪਣੇ ਜਿਲ੍ਹੇ ਵਿੱਚ ਕੈਂਪ ਲਗਾਉਣ ਬਾਰੇ।**

ਹਵਾਲਾ: ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-6 ਸਾਖਾ) ਦਾ ਪੱਤਰ ਨੰ: 11/7/2017-5ਸਿ6/ਪ.ਫ./965921/1-2 ਮਿਤੀ 28-04-2017.

1. ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਮੰਡਲ/ ਜਿਲ੍ਹਾ ਸਿੱਖਿਆ ਅਸਫਰਾਂ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਦੇ (ਗਰੁੱਪ-ਏ, ਬੀ, ਸੀ ਅਤੇ ਡੀ) ਅਧਿਕਾਰੀਆਂ/ ਕਰਮਚਾਰੀਆਂ ਦੀ ਰਿਟਾਇਰਮੈਂਟਾਂ ਸਬੰਧੀ ਕੇਸਾਂ ਦੇ ਨਿਪਟਾਰੇ ਲਈ ਮਿਤੀ 06 ਮਈ, 2017 ਅਤੇ 20 ਮਈ, 2017 ਨੂੰ ਆਪਣੇ ਆਪਣੇ ਜਿਲ੍ਹੇ ਵਿੱਚ ਕੈਂਪ ਲਗਾਉਣ ਬਾਰੇ ਨਾਲ ਨੱਥੀ ਪੱਤਰ ਅਨੁਸਾਰ ਹਦਾਇਤਾਂ ਆਪ ਜੀ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀਆਂ ਜਾਂਦੀਆਂ ਹਨ।
2. ਇਸ ਕੈਂਪ ਵਿੱਚ ਕਿੰਨੇ ਰਿਟਾਇਰਡ ਅਧਿਕਾਰੀ/ਕਰਮਚਾਰੀ ਹਾਜਰ ਹੋਏ ਅਤੇ ਕਿੰਨੇ ਕੇਸ ਮੌਕੇ ਤੇ ਹੀ ਮੁਕੰਮਲ ਕਰ ਦਿੱਤੇ ਗਏ। ਇਸ ਸਬੰਧੀ ਸੂਚਨਾ ਮਿਤੀ 08 ਮਈ, 2017 ਅਤੇ 22 ਮਈ, 2017 ਨੂੰ ਇਸ ਦਫਤਰ ਵਿਖੇ ਈ-ਮੇਲ iccdpise@gmail.com ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

ਨੱਥੀ: ਪੱਤਰ ਦੀ ਕਾਪੀ ।

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

ਪਿੱ: ਅੰ: ਨੰ: ਉਕਤ ਮਿਤੀ: 03-05-2017

1. ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰ, ਜਲੰਧਰ, ਫਰੀਦਕੋਟ ਅਤੇ ਨਾਭਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕੈਂਪ ਦੌਰਾਨ ਕੀਤੀ ਜਾ ਰਹੀ ਚੈਕਿੰਗ ਦਾ ਨਿਰੀਖਣ ਕੀਤਾ ਜਾਵੇ।
2. ਉਤਾਰਾ ਰਜਿਸਟਰਾਰ ਸਿੱਖਿਆ ਵਿਭਾਗ, ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

ਡ.ਰ. 287 ...
2-5-17

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸਾਖਾ)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ:ਸਿ:)।

ਮੀਮੋ ਨੰ:11/7/2017-5ਸਿ6/ਪ.ਫ./੧65੧੨੧/1-2
ਮਿਤੀ, ਚੰਡੀਗੜ੍ਹ: 28-04-17

ਵਿਸ਼ਾ:- ਸਿੱਖਿਆ ਵਿਭਾਗ ਦੇ (ਗਰੁੱਪ-ਏ, ਬੀ, ਸੀ ਅਤੇ ਡੀ) ਅਧਿਕਾਰੀਆਂ/ਕਰਮਚਾਰੀਆਂ ਦੀ ਰਿਟਾਇਰਮੈਂਟਾਂ ਸਬੰਧੀ ਕੇਸਾਂ ਦੇ ਨਿਪਟਾਰੇ ਲਈ ਮਿਤੀ 06 ਮਈ, 2017 ਅਤੇ 20 ਮਈ, 2017 ਨੂੰ ਆਪਣੇ ਆਪਣੇ ਜਿਲ੍ਹੇ ਵਿੱਚ ਕੈਂਪਾਂ ਲਗਾਉਣ ਬਾਰੇ।

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸਿੱਖਿਆ ਵਿਭਾਗ (ਸਕੂਲਜ) ਵਿੱਚ ਕੰਮ ਕਰ ਰਹੇ (ਗਰੁੱਪ-ਏ, ਬੀ, ਸੀ ਅਤੇ ਡੀ) ਅਧਿਕਾਰੀਆਂ/ਕਰਮਚਾਰੀਆਂ ਦੀ ਰਿਟਾਇਰਮੈਂਟ ਦੇ ਲਾਭ ਸਮੇਂ ਸਿਰ ਨਾ ਦੇਣ ਕਾਰਨ ਵਿਭਾਗ ਨੂੰ ਕੋਰਟ ਕੇਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮਾਨਯੋਗ ਵਧੀਕ ਮੁੱਖ ਸਕੱਤਰ ਜੀ ਦੇ ਹੁਕਮਾਂ ਤਹਿਤ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜਿਲ੍ਹੇ ਵਿੱਚ 06, ਮਈ, 2017 (ਸ਼ਨੀਵਾਰ) ਅਤੇ 20, ਮਈ, 2017 (ਸ਼ਨੀਵਾਰ) ਨੂੰ ਆਪਣੇ ਦਫਤਰ ਵਿੱਚ ਕੈਂਪ ਲਗਾਇਆ ਜਾਵੇ ਅਤੇ ਸਾਰੇ ਰਿਟਾਇਰ ਹੋਏ ਅਧਿਕਾਰੀਆਂ/ਕਰਮਚਾਰੀਆਂ ਨੂੰ ਕੈਂਪ ਦੀ ਜਾਣਕਾਰੀ ਆਪਣੇ ਪੱਧਰ ਤੇ ਦਿੱਤੀ ਜਾਵੇ। ਕੈਂਪ ਸਮੇਂ ਆਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਰਿਟਾਇਰਮੈਂਟ ਲਾਭ ਪ੍ਰਾਪਤ ਕਰਨ ਸਬੰਧੀ ਉਨ੍ਹਾਂ ਦੇ ਕੇਸਾਂ ਵਿੱਚ ਜੋ ਵੀ ਕਮੀਆਂ ਪੇਸ਼ੀਆਂ ਹਨ, ਉਨ੍ਹਾਂ ਨੂੰ ਮੌਕੇ ਤੇ ਹੀ ਨਿਪਟਾਰਾ ਕਰਵਾਕੇ ਇਨ੍ਹਾਂ ਦੀ ਪ੍ਰਵਾਨਗੀ ਲੈਣ ਲਈ ਕੇਸ ਮੁਕੰਮਲ ਕਰਕੇ ਸਮਰੱਥ ਅਧਿਕਾਰੀ ਨੂੰ ਭੇਜੇ ਜਾਣ।

3. ਇਸ ਕੈਂਪ ਵਿੱਚ ਕਿੰਨੇ ਰਿਟਾਇਰਡ ਅਧਿਕਾਰੀ/ਕਰਮਚਾਰੀ ਹਾਜਰ ਹੋਏ ਅਤੇ ਕਿੰਨੇ ਕੇਸ ਮੌਕੇ ਤੇ ਹੀ ਮੁਕੰਮਲ ਕਰ ਦਿੱਤੇ ਗਏ। ਇਸ ਸਬੰਧੀ ਸੂਚਨਾ ਮਿਤੀ 08 ਮਈ, 2017 ਅਤੇ 22 ਮਈ, 2017 ਨੂੰ ਆਪਣੇ ਸਬੰਧਤ ਦਫਤਰ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:/ਐ:ਸਿ:), ਪੰਜਾਬ ਨੂੰ ਭੇਜੀ ਜਾਣੀ ਯਕੀਨੀ ਬਣਾਈ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

4. ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸੁਪਰਡੰਟ

ਪਿੱਠ ਅੰਕਣ ਨੰ:11/7/2017-5ਸਿ6/੧65੧੨੧/3-4 ਮਿਤੀ, ਚੰਡੀਗੜ੍ਹ: 28-04-17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ: ਅਤੇ ਐ:ਸਿ:), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਦੇ (ਗਰੁੱਪ-ਏ, ਬੀ, ਸੀ ਅਤੇ ਡੀ)

ਅਧਿਕਾਰੀਆਂ/ਕਰਮਚਾਰੀਆਂ ਦੀ ਰਿਟਾਇਰਮੈਂਟ ਸਬੰਧੀ ਕੇਸਾਂ ਦੇ ਨਿਪਟਾਰੇ ਲਈ ਮਿਤੀ 06 ਮਈ, 2017 ਅਤੇ 20 ਮਈ, 2017 ਨੂੰ ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ ਲਗਾਏ ਜਾ ਰਹੇ ਕੈਂਪ ਸਬੰਧੀ ਸੂਚਨਾ ਦੇਣ ਲਈ ਪੱਤਰ ਜਾਰੀ ਕਰਕੇ ਸਿੱਖਿਆ ਵਿਭਾਗ ਦੀ ਸਾਈਟ ਤੇ ਅਪਲੋਡ ਕਰਵਾਇਆ ਜਾਵੇ ਅਤੇ ਅਖਬਾਰਾਂ ਤੋਂ ਹੋਰ ਵਸੀਲਿਆਂ ਰਾਹੀਂ ਅਧਿਕਾਰੀਆਂ/ਕਰਮਚਾਰੀਆਂ ਨੂੰ ਸੂਚਿਤ ਕੀਤਾ ਜਾਵੇ। ਆਪਣੇ ਅਧੀਨ ਆਉਂਦੇ ਜਿਲ੍ਹਾਵਾਰ ਡੀ.ਈ.ਓ. (ਸੈ:ਸਿ: ਅਤੇ ਐ:ਸਿ:) ਤੋਂ ਪ੍ਰਾਪਤ ਰਿਪੋਰਟ ਕੰਸੋਲੀਡੇਟ ਕਰਕੇ ਮਿਤੀ 09 ਮਈ, 2017 ਅਤੇ 23 ਮਈ, 2017 ਨੂੰ ਵਿਸ਼ੇਸ ਹਰਕਾਰੇ ਰਾਹੀਂ ਅਤੇ ਈ.ਮੇਲ supdtedu6@gmail.com ਰਾਹੀਂ ਵੀ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ ਵੱਲੋਂ ਕੈਂਪ ਦੌਰਾਨ ਕੀਤੀ ਜਾ ਰਹੀ ਚੈਕਿੰਗ ਦਾ ਨਿਰੀਖਣ ਕੀਤਾ ਜਾਵੇ। ਅਜਿਹਾ ਨਾ ਕਰਨ ਜਾਂ ਦੇਰੀ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਅਣ-ਸੁਖਾਵੇਂ ਹੁਕਮ ਜਾਰੀ ਕੀਤੇ ਜਾਂਦੇ ਹਨ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

2. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਮੰਡਲ ਅਧੀਨ ਆਉਂਦੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ: ਅਤੇ ਐ:ਸਿ:) ਦੀ ਪੈਨਸ਼ਨਾਂ ਸਬੰਧੀ ਲਗਾਏ ਗਏ ਕੈਂਪ ਮਿਤੀ 06 ਮਈ, 2017 ਅਤੇ 20 ਮਈ, 2017 ਨੂੰ ਚੈਕਿੰਗ ਕੀਤੀ ਜਾਵੇ ਅਤੇ ਉਸ ਦੀ ਰਿਪੋਰਟ ਮਿਤੀ 08 ਮਈ, 2017 ਅਤੇ 22 ਮਈ, 2017 ਨੂੰ ਡਾਕ ਰਾਹੀਂ ਅਤੇ ਈ.ਮੇਲ supdtedu6@gmail.com ਰਾਹੀਂ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਅਜਿਹਾ ਨਾ ਕਰਨ ਜਾਂ ਦੇਰੀ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਅਣ-ਸੁਖਾਵੇਂ ਹੁਕਮ ਜਾਰੀ ਜਾਂਦੇ ਹਨ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

ਸੁਪਰਡੰਟ

**<u>ਅੰਦਰੂਨੀ ਵੰਡ</u>:-**

1. ਨਿੱ:ਸ:/ਵ:ਮੁ:ਸ:ਸ:ਸਿ:
2. ਨਿੱ:ਸ:/ਵਿ:ਸ:ਸ:ਸਿ:
3. ਨਿੱ:ਸ:/ਸੰ:ਸ:ਸ:ਸਿ:
4. ਰਿਕਾਰਡਰ